## ਪਾਠ – 5
## ਲਿਫ਼ਾਫ਼ੇ (ਲੇਖਕ–ਸ੍ਰੀ ਰਮੇਸ਼ ਭਾਰਤੀ)

1. **ਪ੍ਰਸ਼ਨ/ ਉੱਤਰ**



**ਪ੍ਰਸ਼ਨ ੳ. ਬੱਚੇ ਸਕੂਲ ਤੋਂ ਬਾਹਰ ਕੀ ਕਰਨ ਗਏ ਸਨ?**
ਉੱਤਰ : ਬੱਚੇ ਸਕੂਲ ਤੋਂ ਬਾਹਰ ਪਿੰਡ ਵਿੱਚੋਂ ਪਲਾਸਟਿਕ ਦੇ ਲਿਫ਼ਾਫ਼ੇ ਇਕੱਠੇ ਕਰਨ ਗਏ ਸਨ।

**ਪ੍ਰਸ਼ਨ ਅ. ਮੋਮਜਾਮੇ ਦੇ ਲਿਫ਼ਾਫ਼ੇ ਵਾਤਾਵਰਨ ਨੂੰ ਕਿਵੇਂ ਦੂਸ਼ਿਤ ਕਰਦੇ ਹਨ?**
ਉੱਤਰ : ਮੋਮਜਾਮੇ ਦੇ ਲਿਫ਼ਾਫ਼ੇ ਨਾ ਗ਼ਲਦੇ ਹਨ, ਨਾ ਸੜਦੇ ਹਨ। ਇਹ ਇੱਧਰ-ਉੱਧਰ ਉੱਡ ਕੇ ਵਾਤਾਵਰਨ ਨੂੰ ਦੂਸ਼ਿਤ ਕਰਦੇ ਹਨ।

**ਪ੍ਰਸ਼ਨ ੲ. ਘਰ ਦਾ ਕੂੜਾ-ਕਰਕਟ ਲਿਫ਼ਾਫ਼ਿਆਂ ਵਿੱਚ ਪਾ ਕੇ ਬਾਹਰ ਕਿਉਂ ਨਹੀਂ ਸੁੱਟਣਾ ਚਾਹੀਦਾ?**
ਉੱਤਰ : ਕਈ ਵਾਰ ਲਿਫ਼ਾਫ਼ੇ ਵਿੱਚ ਪਾ ਕੇ ਸੁੱਟੇ ਘਰ ਦੇ ਕੂੜੇ ਵਿੱਚ ਕੱਚ, ਬਲੇਡ, ਪਿੰਨਾਂ ਤੇ ਸੂਈਆਂ ਹੁੰਦੀਆਂ ਹਨ। ਡੰਗਰ ਕਈ ਵਾਰ ਇਨ੍ਹਾਂ ਲਿਫ਼ਾਫ਼ਿਆਂ ਨੂੰ ਖਾ ਕੇ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ।

**ਪ੍ਰਸ਼ਨ ਸ. ਲਿਫ਼ਾਫ਼ਿਆਂ ਦੀ ਵਰਤੋਂ ਬਾਰੇ ਸਰਕਾਰ ਕੀ ਕਰ ਰਹੀ ਹੈ?**
ਉੱਤਰ : ਸਰਕਾਰ ਨੇ ਕਈ ਥਾਈਂ ਪਲਾਸਟਿਕ ਦੇ ਲਿਫ਼ਾਫ਼ਿਆਂ ਦੀ ਵਰਤੋਂ ਕਾਨੂੰਨੀ ਤੌਰ 'ਤੇ ਬੰਦ ਕਰ ਦਿੱਤੀ ਹੈ।

**ਪ੍ਰਸ਼ਨ ਹ. ਲਿਫ਼ਾਫ਼ਿਆਂ ਦੀਆਂ ਬੋਰੀਆਂ ਲਿਆ ਰਹੇ ਬੱਚਿਆਂ ਨੂੰ ਦੇਖ ਕੇ ਬਾਬਾ ਕਾਹਨ ਸਿੰਘ ਨੇ ਕੀ ਕਿਹਾ?**
ਉੱਤਰ : ਬਾਬਾ ਕਾਹਨ ਸਿੰਘ ਨੇ ਇਨ੍ਹਾਂ ਬੱਚਿਆਂ ਨੂੰ ਕਿਹਾ,"ਸ਼ਾਬਾਸ਼ ਮੁੰਡਿਓ! ਆਹ ਤਾਂ ਬੜੀ ਵੱਡੀ ਮੱਲ ਮਾਰੀ ਹੈ।"

**ਪ੍ਰਸ਼ਨ ਕ. ਪਲਾਸਟਿਕ ਜਾਂ ਮੋਮਜਾਮੇ ਦੇ ਲਿਫ਼ਾਫ਼ੇ ਹੋਰ ਕਿਹੜੀ ਥਾਂ 'ਤੇ ਨੁਕਸਾਨ ਪਹੁੰਚਾਉਂਦੇ ਹਨ?**
ਉੱਤਰ : ਪਲਾਸਟਿਕ ਜਾਂ ਮੋਮਜਾਮੇ ਦੇ ਲਿਫ਼ਾਫ਼ੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਨੁਕਸਾਨ ਪਹੁੰਚਾਉਂਦੇ ਹਨ, ਕਿਉਂਕਿ ਇਹ ਛੇਤੀ ਗ਼ਲਦੇ ਨਹੀਂ। ਪਾਣੀ ਵਿੱਚ ਸੁੱਟਣ ਨਾਲ਼ ਇਹ ਮੱਛੀਆਂ ਤੇ ਹੋਰ ਜੀਵਾਂ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ।

2. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**
   1. **ਸਕੂਲ** (ਪਾਠਸ਼ਾਲਾ)- ਸਾਡੇ ਸਕੂਲ ਵਿੱਚ ਪੜ੍ਹਾਈ ਬਹੁਤ ਵਧੀਆ ਹੈ।
   2. **ਵਾਤਾਵਰਨ** (ਆਲਾ- ਦੁਆਲਾ) ਮੀਂਹ ਪੈਣ ਨਾਲ ਵਾਤਾਵਰਨ ਸਾਫ਼ ਹੋ ਗਿਆ।
   3. **ਮੋਮਜਾਮੇ** (ਪਲਾਸਟਿਕ)- ਮੋਮਜਾਮੇ ਦੇ ਲਿਫ਼ਾਫ਼ੇ ਵਾਤਾਵਰਨ ਨੂੰ ਖ਼ਰਾਬ ਕਰਦੇ ਹਨ।
   4. **ਖ਼ਤਰਨਾਕ** (ਨੁਕਸਾਨ ਕਰਨ ਵਾਲ਼ਾ)- ਤੇਜ਼ ਰਫ਼ਤਾਰ ਨਾਲ਼ ਸੜਕ ਉੱਤੇ ਬਹੁਤ ਖ਼ਤਰਨਾਕ ਦੁਰਘਟਨਾਵਾਂ ਹੁੰਦੀਆਂ ਹਨ।
   5. **ਬੇਚੈਨ** (ਚੈਨ ਨਾ ਹੋਣਾ)- ਲਾਕਡਾਉਨ ਕਾਰਨ ਸਾਰੇ ਬੇਚੈਨ ਹਨ।
   6. **ਹਿੰਮਤ** (ਹੌਂਸਲਾ ) - ਮੁਸੀਬਤ ਦਾ ਟਾਕਰਾ ਹਿੰਮਤ ਨਾਲ਼ ਕਰੋ।

3. **ਔਖੇ ਸ਼ਬਦਾਂ ਦੇ ਅਰਥ :**



| | | |
|---|---|---|
| ਸਪੁੱਤਰ | : | ਚੰਗਾ ਪੁੱਤਰ, ਆਗਿਆਕਾਰ ਪੁੱਤਰ |
| ਦੂਸ਼ਿਤ | : | ਮੈਲ਼ਾ, ਮਲੀਨ |
| ਸ਼ਕਤੀ | : | ਤਾਕਤ |
| ਹਾਨੀਕਾਰਕ | : | ਨੁਕਸਾਨਦੇਹ, ਨੁਕਸਾਨਦਾਇਕ |
| ਉਪਜਾਊ | : | ਜਿਸ ਥਾਂ ਪੈਦਾਵਾਰ ਬਹੁਤ ਹੋਵੇ |

4. **ਹੇਠ ਲਿਖੇ ਵਾਕਾਂ ਵਿਚਲੀਆਂ ਖ਼ਾਲੀ ਥਾਂਵਾਂ ਵਿੱਚ ਢੁੱਕਵੇਂ ਸ਼ਬਦ ਭਰੋ :**
   - **ਪਲਾਸਟਿਕ** ਦੇ ਲਿਫ਼ਾਫ਼ੇ ਵਾਤਾਵਰਨ ਨੂੰ ਦੂਸ਼ਿਤ ਕਰਦੇ ਹਨ ।
   - ਪਲਾਸਟਿਕ ਦੇ ਲਿਫ਼ਾਫਿਆਂ ਨੂੰ ਮਿੱਟੀ ਵਿੱਚ ਦੱਬਣ ਨਾਲ਼ ਜ਼ਮੀਨ ਦੀ **ਉਪਜਾਊ ਸ਼ਕਤੀ** ਘਟ ਜਾਵੇਗੀ।
   - **ਪੌਲੀਥੀਨ** ਅੰਦਰ ਜ਼ਹਿਰੀਲੇ ਪਦਾਰਥ ਹੁੰਦੇ ਹਨ।

5. **ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ :**

**ੳ. "ਕਿਉਂ ਐਵੇਂ ਸ਼ੂਕਦਾ ਪਿਆ ਏਂ। ਆਹ ਤੇਰੀ ਉਮਰ ਏ ਐਵੇਂ ਨਿਆਣਿਆਂ ਦੇ ਮਗਰ ਭੱਜਣ ਦੀ।"**
ਉੱਤਰ : ਬੇਬੇ ਕਰਤਾਰੀ ਨੇ ਬਾਬਾ ਕਾਹਨ ਸਿੰਘ ਨੂੰ ਕਹੇ ।

**ਅ. "ਸ਼ੈਤਾਨੋ! ਇੱਕ ਵਾਰੀ ਮੇਰੇ ਹੱਥ ਆ ਜਾਓ ਸਹੀ, ਗਿੱਟੇ ਨਾ ਸੇਕ ਦਿਆਂ ਤਾਂ।"**
ਉੱਤਰ : ਬਾਬਾ ਕਾਹਨ ਸਿੰਘ ਨੇ ਪੋਤਿਆਂ ਨੂੰ ਕਹੇ।

**ੲ. "ਪਰ ਅੱਗ ਲਾਉਣੀ ਵੀ ਤਾਂ ਖ਼ਤਰਨਾਕ ਹੈ, ਕਿਉਂਕਿ ਪੋਲੀਥੀਨ ਅੰਦਰ ਜ਼ਹਿਰੀਲੇ ਪਦਾਰਥ ਹੁੰਦੇ ਹਨ।"**
ਉੱਤਰ : ਮਾਸਟਰ ਜੀ ਨੇ ਬਾਬਾ ਕਾਹਨ ਸਿੰਘ ਨੂੰ ਕਹੇ।

6. **ਹੇਠ ਲਿਖੇ ਸ਼ਬਦ ਕਿਹੜੀ ਪ੍ਰਕਾਰ ਦੇ ਨਾਂਵ ਹਨ :**
   1. **ਆਮ ਨਾਂਵ –** ਪਿੰਡ, ਸਕੂਲ, ਮਾਸਟਰ ਜੀ, ਸਰਕਾਰ, ਬਾਬਾ ਜੀ

2. **ਖ਼ਾਸ ਨਾਂਵ –** ਮਨਜੀਤ, ਸੰਤੋਖ਼
3. **ਵਸਤੂਵਾਚਕ ਨਾਂਵ –** ਲਿਫ਼ਾਫ਼ੇ, ਕੂੜਾ-ਕਰਕਟ